# 5

# ਖ਼ੁਦਾ ਦੇ ਚੁਣੇ ਹੋਏ

*''ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿਚ ਚੁਣ ਲਿਆ ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿਚ ਪਵਿੱਤਰ ਅਤੇ ਨਿਰਮਲ ਹੋਈਏ। ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤਰ ਹੋਣ ਨੂੰ ਅੱਗੋਂ ਹੀ ਠਹਿਰਾਇਆ। ਭਈ ਉਹ ਦੀ ਕਿਰਪਾ ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹ ਨੇ ਉਸ ਪਿਆਰੇ ਵਿਚ ਸਾਨੂੰ ਬਖ਼ਸ਼ ਦਿੱਤੀ''* (ਅਫ਼ਸੀਆਂ 1:4-6)।

ਹਰ ਕਿਸੇ ਨੂੰ ਚੰਗਾ ਲੱਗਦਾ ਹੈ ਕਿ ਉਸਨੂੰ ਯਾਦ ਰੱਖਿਆ ਜਾਵੇ। ਸ਼ਾਇਦ ਸਾਡੇ ਸਾਰਿਆਂ ਵਿਚ ਪਾਈ ਜਾਣ ਵਾਲੀ ਇਸ ਭਾਵਨਾ ਦੇ ਸਬੱਬ ਹੀ ਸਾਡੀ ਗੱਲਬਾਤ ਵਿਚ ਕੁਝ ਵਾਕ ਪ੍ਰਸਿੱਧ ਹਨ। ਕਿਸੇ ਪਿਆਰੇ ਨੂੰ ਜਨਮ ਦਿਨ ਦਾ ਕਾਰਡ ਘੱਲਦਿਆਂ ਅਸੀਂ ਉਸ 'ਤੇ ਲਿਖਦੇ ਹਾਂ, ''ਮੈਨੂੰ ਤੇਰਾ ਹੀ ਧਿਆਨ ਹੈ।'' ਟੈਲੀਫ਼ੋਨ ਤੇ ਗੱਲ ਕਰਦਿਆਂ ਅਸੀਂ ਆਪਣੇ ਪੱਕੇ ਦੋਸਤ ਨੂੰ ਆਖਦੇ ਹਾਂ, ''ਮੈਂ ਤੇਰੇ ਬਾਰੇ ਹੀ ਸੋਚ ਰਿਹਾ ਸੀ।'' ਛੁੱਟੀਆਂ ਵਿਚ ਜਾਂ ਕਿਸੇ ਹੋਰ ਕੰਮ ਲਈ ਬਾਹਰ ਜਾਣ ਵੇਲੇ ਆਪਣੇ ਘਰ ਦੇ ਲੋਕਾਂ ਨਾਲ ਵਿੱਛੜਣ ਵੇਲੇ ਅਸੀਂ ਆਖਦੇ ਹਾਂ, ''ਤੁਸੀਂ ਮੈਨੂੰ ਬਹੁਤ ਯਾਦ ਆਓਗੇ।'' ਇਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਪਤਾ ਲੱਗਦਾ ਹੈ ਕਿਸੇ ਦੀ ਸਾਡੇ ਲਈ ਖ਼ਾਸ ਅਹਿਮੀਅਤ ਹੈ। ਅਤੇ ਅਸੀਂ ਉਹਨੂੰ ਭੁੱਲੇ ਨਹੀਂ ਹਾਂ ਜਾਂ ਭੁੱਲਾਂਗੇ ਨਹੀਂ। ਜਦ ਕੋਈ ਸਾਨੂੰ ਅਜਿਹੀਆਂ ਗੱਲਾਂ ਆਖਦਾ ਜਾਂ ਲਿਖਦਾ ਹੈ, ਤਾਂ ਇਨ੍ਹਾਂ ਗੱਲਾਂ ਨਾਲ ਉਹ ਸਾਡੇ ਮਨ ਨੂੰ ਛੂਹ ਕੇ ਸਾਨੂੰ ਹੌਂਸਲਾ ਦਿੰਦਾ ਹੈ।

ਦੋਸਤਾਂ ਤੇ ਸਾਕਾਂ ਨੂੰ ਇਹ ਕਹਿੰਦੇ ਸੁਣਨਾ ਕਿ ਉਹ ਸਾਡੇ ਬਾਰੇ ਹੀ ਸੋਚ ਰਹੇ ਹਨ ਜਾਂ ਉਹ ਸਾਡੇ ਬਾਰੇ ਹੀ ਸੋਚ ਰਹੇ ਹੋਣਗੇ, ਸਾਨੂੰ ਚੰਗਾ ਲੱਗਦਾ ਹੈ ਤਾਂ ਫਿਰ ਖ਼ੁਦਾ ਨੂੰ ਇਹ ਆਖਦੇ ਹੋਏ ਸੁਣਨਾ ਕਿ ਅਸੀਂ ਉਹਦੀ ਨਜ਼ਰ ਵਿਚ ਖਾਸ ਹਾਂ, ਸਾਨੂੰ ਕਿੰਨਾ ਚੰਗਾ ਲੱਗੇਗਾ! ਜੇ ਤੁਸੀਂ ਮਸੀਹ ਵਿਚ ਹੋ ਤਾਂ ਖ਼ੁਦਾ ਨੇ ਤੁਹਾਨੂੰ ਉਹੀ ਆਖਿਆ ਹੈ। ਅਫ਼ਸੀਆਂ 1:4-6 ਪੌਲੁਸ ਨੇ ਆਖਿਆ ਹੈ ਕਿ ਮਸੀਹੀ ਲੋਕ ਖ਼ੁਦਾ ਦੇ ਚੁਣੇ ਹੋਏ ਹਨ। ਮਸੀਹ ਵਿਚ ਅਜ਼ਾਦ ਹੋਏ ਸਭ ਲੋਕਾਂ ਨੂੰ ਪਵਿੱਤਰ ਲਿਖਤਾਂ ਰਾਹੀਂ ਭਰੋਸਾ ਦੁਆਇਆ ਜਾਂਦਾ ਹੈ ਕਿ ਉਹ ਖ਼ੁਦਾ ਦੇ ਚੁਣੇ ਹੋਏ ਲੋਕ ਹਨ। ਭਲਾ ਇਸ ਨਾਲ ਤੁਹਾਡਾ ਹੌਂਸਲਾ ਵਧੇਗਾ ਨਹੀਂ?

ਇਸ ਵਾਕ ਨੂੰ ਲਿਖਣ ਦੇ ਪੌਲੁਸ ਦੇ ਤਰੀਕੇ ਨਾਲ ਅਸੀਂ ਜਾਣ ਸਕਦੇ ਹਾਂ ਕਿ ਆਤਮਾ ਸਾਨੂੰ ਖ਼ੁਦਾ ਦੇ ਚੁਣਿਆਂ ਹੋਇਆਂ ਦੇ ਰੂਪ ਵਿਚ ਬਹੁਤ ਹੀ ਖ਼ਾਸ ਅਰਥਾਤ ਜੋ ਕਿਸੇ ਵੀ ਸੰਸਾਰੀ ਮਾਣ ਨਾਲੋਂ ਵਧ ਕੇ ਵੇਖਣਾ ਜ਼ਰੂਰੀ ਹੈ। ਪੌਲੁਸ ਏਸ਼ੀਆ ਮਾਈਨਰ ਵਿਚ ਅਫ਼ਸੁਸ ਦੀ ਕਲੀਸੀਆ ਦੇ ਨਾਂਅ ਪੱਤਰੀ ਲਿਖ ਰਿਹਾ ਸੀ। ਉਸ ਦੀ ਪੱਤਰੀ ਦੇ ਵਿਸ਼ੇ-ਵਸਤੂ ਨੂੰ ਵਾਕ ਅੰਸ਼ ''ਕਲੀਸੀਆ ਮਸੀਹ ਦੀ ਦੇਹ'' ਵਿਚ ਸੰਖੇਪ ਕੀਤਾ ਜਾ ਸਕਦਾ ਹੈ। ਪੱਤਰੀ ਦੇ ਸ਼ੁਰੂ ਵਿਚ ਪੌਲੁਸ ਨੇ ਲਿਖਿਆ ਕਿ ਕਲੀਸੀਆ ਉਨ੍ਹਾਂ ਲੋਕਾਂ ਨਾਲ ਬਣਦੀ ਹੈ ਜਿਨ੍ਹਾਂ ਨੂੰ ਖ਼ੁਦਾ ਨੇ ਚੁਣਿਆ ਹੈ। ਉਹ ਖ਼ੁਦਾ ਦੇ ਚੁਣੇ ਹੋਏ ਭਾਵ ਉਹ ਲੋਕ ਹਨ ਜਿਨ੍ਹਾਂ ਨੂੰ ਉਹਨੇ ਆਪਣੀਆਂ ਸੁਰਗੀ ਬਰਕਤਾਂ ਦੇਣ ਲਈ ਚੁਣਿਆ ਹੈ। ਅਜਿਹੀ ਚੋਣ ਨੂੰ ਉਹ ''predestination'' ਭਾਵ ਪਹਿਲਾਂ ਤੋਂ ਠਹਿਰਾਇਆ ਹੋਇਆ, ਜਾਂ ਪਹਿਲਾਂ ਤੋਂ ਹੀ ਚੁਣਿਆ ਹੋਇਆ ਆਖਦਾ ਹੈ (ਅਫ਼ਸੀਆਂ 1:5)।

ਖ਼ੁਦਾ ਵੱਲੋਂ ਸਾਨੂੰ ਚੁਣਨ ਦੀ ਇਸ ਗੱਲ ਨਾਲ ਕਈ ਸਵਾਲ ਉੱਠਦੇ ਹਨ, ਜਾਂ ਨਹੀਂ? ਭਲਾ ਪੌਲੁਸ ਇਹ ਆਖ ਰਿਹਾ ਸੀ ਕਿ ਖ਼ੁਦਾ ਇਕ ਆਦਮੀ ਨੂੰ ਛੁਟਕਾਰਾ ਅਤੇ ਦੂਜੇ ਨੂੰ ਨਾਸ ਦੇ ਲਈ ਚੁਣਦਾ ਹੈ? ਜੇ ਉਹ ਇਕ ਨੂੰ ਸੁਰਗ ਅਤੇ ਦੂਜੇ ਨੂੰ ਨਰਕ ਲਈ ਚੁਣਦਾ ਹੈ ਤਾਂ ਯੂਹੰਨਾ 3:16 ਵਿਚ ਯਿਸੂ ਦੇ ਵਚਨ ਅਨੁਸਾਰ ਖ਼ੁਦਾ ਸੰਸਾਰ ਦੇ ਹਰ ਬੰਦੇ ਨਾਲ ਖ਼ਾਸ ਪਿਆਰ ਕਿਵੇਂ ਕਰਦਾ ਹੈ?

ਆਓ ਇਸ ਆਇਤ ਤੇ ਸਾਵਧਾਨੀ ਨਾਲ ਵਿਚਾਰ ਕਰੀਏ ਅਤੇ ਪ੍ਰੀਡੈਸਟੀਨੇਸ਼ਨ ਯਾਨੀ ਪਹਿਲਾਂ ਤੋਂ ਠਹਿਰਾਏ ਜਾਣ ਬਾਰੇ ਆਪਣੇ ਸਵਾਲਾਂ ਦਾ ਜਵਾਬ ਪੌਲੁਸ ਨੂੰ ਦੇਣ ਦਈਏ। ਅਫ਼ਸੀਆਂ 1:4-6 ਵਿਚ, ਅਸੀਂ ਵੇਖਾਂਗੇ ਕਿ ਖ਼ੁਦਾ ਕਿਵੇਂ ਹਰ ਕਿਸੇ ਨਾਲ ਪਿਆਰ ਕਰਦਾ ਹੈ, ਕਿਵੇਂ ਉਸਨੇ ਸੰਸਾਰ ਦੀ ਬੁਨਿਆਦ ਰੱਖਣ ਤੋਂ ਪਹਿਲਾਂ ਹੀ ਸਾਡੇ ਬਾਰੇ ਸੋਚਿਆ ਅਤੇ ਕਿਵੇਂ ਉਸਨੇ ਚੁਣਿਆਂ ਹੋਇਆਂ ਨੂੰ ਚੁਣਿਆ।

## ਉਸ ਵਿਚ ਚੁਣੇ ਗਏ

ਪਹਿਲੀ ਗੱਲ, ਪੌਲੁਸ ਨੇ ਆਖਿਆ ਕਿ ਖ਼ੁਦਾ ਨੇ ''ਸਾਨੂੰ ... *ਉਸ ਵਿਚ* ਚੁਣ ਲਿਆ। ...'' (ਅਫ਼ਸੀਆਂ 1:4)। ਖ਼ੁਦਾ ਨੇ ਆਪਣੇ ਪੁੱਤਰ ਦੀ ਦੇਹ ਵਿਚ ਹੀ ਮਨੁੱਖ ਨੂੰ ਛੁਟਕਾਰਾ ਦੇ ਕੇ ਆਪਣੀਆਂ ਹੋਰ ਰੂਹਾਨੀ ਬਰਕਤਾਂ ਦੇਣ ਲਈ ਚੁਣਿਆ ਹੈ। ਜੋ ਲੋਕ ਉਹਦੀ ਇਸ ਦੇਹ ਵਿਚ ਆ ਗਏ ਹਨ, ਉਹ ਖ਼ੁਦਾ ਦੇ ਚੁਣੇ ਹੋਏ ਹਨ।

1:4-6 ਦੇ ਵਿਆਪਕ ਸੰਦਰਭ ਵਿਚ, ਅਫ਼ਸੀਆਂ 1:3-14 ਦੇ ਸਾਰੇ ਗੁਣਾਂ ਦੇ ਅਨੁਵਾਦ ਵਿਚ, ਜਿਸ ਨੂੰ ਬਾਈਬਲ ਦਾ ਸਭ ਤੋਂ ਲੰਮਾ ਵਾਕ ਕਿਹਾ ਜਾਂਦਾ ਹੈ ਪੌਲੁਸ ਉਨ੍ਹਾਂ ਬਰਕਤਾਂ ਨੂੰ ਇਕ-ਇਕ ਕਰਕੇ ਗਿਣਦਾ ਹੈ ਜਿਨ੍ਹਾਂ ਨੂੰ ਖ਼ੁਦਾ ਨੇ ਮਸੀਹ ਵਿਚ ਰੱਖਿਆ ਹੈ। ਉਹ ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਗੋਦ ਲਏ ਜਾਣ (ਆਇਤ 5), ਮਾਫ਼ੀ (ਆਇਤ 7), ਛੁਟਕਾਰਾ (ਆਇਤ 7), ਗਿਆਨ ਅਤੇ ਸਮਝ (ਆਇਤ 8), ਮਸੀਹ ਵਿਚ ਇਕੱਠਾ ਕਰਨ (ਆਇਤ 10), ਮੀਰਾਸ (ਆਇਤ 11) ਅਤੇ ਪਵਿੱਤਰ ਆਤਮਾ ਦੀ ਛਾਪ (ਆਇਤ 13) ਦੀ ਗੱਲ ਕਰਦਾ ਹੈ।

ਅਨਾਦੀ ਕਾਲ ਤੋਂ ਹੀ ਖ਼ੁਦਾ ਨੇ ਇਹ ਫ਼ੈਸਲਾ ਕੀਤਾ ਸੀ ਕਿ ਜੋ ਲੋਕ ਮਸੀਹ ਵਿਚ ਆਉਣਗੇ, ਉਨ੍ਹਾਂ ਨੂੰ ਮਸੀਹ ਦੀ ਕਿਰਪਾ ਦਾ ਦਾਨ ਮਿਲੇਗਾ, ਭਾਵ ਉਹ ਖ਼ਾਸ ਢੰਗ ਨਾਲ ਜੁੜੇ ਹੋਏ ਲੋਕ ਹੋਣਗੇ। ਛੁਟਕਾਰੇ ਦੀ ਇਹ ਯੋਜਨਾ ਖ਼ੁਦਾ ਵੱਲੋਂ ਅਨਾਦੀ ਕਾਲ ਤੋਂ ਪਹਿਲਾਂ ਅਰਥਾਤ ਸਮੇਂ ਤੋਂ ਪਹਿਲਾਂ ਹੀ ਠਹਿਰਾਈ ਗਈ ਸੀ। ਉਸਨੇ ਇਹ ਚੋਣ ਮੌਜ ਵਿਚ ਪੱਖਪਾਤ ਨਾਲ ਨਹੀਂ ਕੀਤੀ ਸੀ। ਉਸਨੇ ਪਹਿਲਾਂ ਤੋਂ ਇਹ ਨਹੀਂ ਠਹਿਰਾਇਆ ਕਿ ਇਕ ਨੂੰ ਬਚਾਏਗਾ ਅਤੇ ਦੂਜੇ ਦਾ ਨਾਸ ਕਰੇਗਾ, ਸਗੋਂ ਉਸਨੇ ਪਹਿਲਾਂ ਇਹ ਠਹਿਰਾਇਆ ਕਿ ਕਿਸ ਦਾ ਉਹ ਉਨ੍ਹਾਂ ਨੂੰ ਹੀ ਛੁਟਕਾਰਾ ਦੇਵੇਗਾ ਜੋ ਮਸੀਹ ਦੇ ਰੂਹਾਨੀ ਸਰੀਰ ਭਾਵ ਕਲੀਸੀਆ ਵਿਚ ਹੋਣ ਕਰਕੇ ਉਸਦੇ ਛੁਟਕਾਰੇ ਨੂੰ ਪਾ ਲੈਣਗੇ।

ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ ''predestine'' ਤੋਂ ਭਾਵ ਹੈ ''ਪਹਿਲਾਂ ਤੋਂ ਠਹਿਰਾਇਆ ਜਾਣਾ'' ਜਦ ਕਿ ''foreknowledge'' (ਪੂਰਵਗਿਆਨ) ਦਾ ਅਰਥ ਹੈ ''ਪਹਿਲਾਂ ਤੋਂ ਜਾਣਨਾ।'' ਸ਼ਾਇਦ ਖ਼ੁਦਾ ਨੂੰ ਇਹ ਪੂਰਵ ਗਿਆਨ ਹੈ ਕਿ ਕਿਸ ਦਾ ਛੁਟਕਾਰਾ ਹੋਏਗਾ ਅਤੇ ਕਿਸ ਦਾ ਨਾਸ, ਪਰ ਉਹ ਪਹਿਲਾਂ ਤੋਂ ਇਹ ਨਹੀਂ ਠਹਿਰਾਉਂਦਾ ਕਿ ਕਿਸ ਨੂੰ ਛੁਟਕਾਰਾ ਦੇਣਾ ਹੈ ਅਤੇ ਕਿਸਨੂੰ ਨਾਸ ਕਰਨਾ ਹੈ। ਛੁਟਕਾਰਾ ਪਾਉਣਾ ਜਾਂ ਨਾ ਪਾਉਣਾ ਹਰ ਬੰਦਾ ਮਸੀਹ ਵਿਚ ਆਉਣ ਦਾ ਫ਼ੈਸਲਾ ਕਰਕੇ ਖ਼ੁਦ ਚੁਣਦਾ ਹੈ।

ਇਹ ਦੋ ਵਿਸ਼ੇ ਭਾਵ ਪਹਿਲਾਂ ਤੋਂ ਗਿਆਨ ਅਤੇ ਪਹਿਲਾਂ ਤੋਂ ਠਹਿਰਾਇਆ ਜਾਣਾ, ਜ਼ਾਹਿਰ ਹੈ ਕਿ ਪੂਰੀ ਤਰ੍ਹਾਂ ਸਮਝਣਾ ਸਾਡੇ ਲਈ ਔਖਾ ਹੈ। ਕਿਸੇ ਹੱਦ ਤਕ, ਸਾਨੂੰ ਵਿਸ਼ਵਾਸ ਨਾਲ ਹੀ ਮੰਨਣਾ ਪਵੇਗਾ ਕਿ ਬਾਈਬਲ ਇਨ੍ਹਾਂ ਵਿਸ਼ਿਆਂ ਬਾਰੇ ਕੀ ਕਹਿੰਦੀ ਹੈ। ਬੇਸ਼ੱਕ ਬਾਈਬਲ ਦੇ ਕਹਿਣ ਦਾ ਮਤਲਬ

ਹੈ ਕਿ ਖ਼ੁਦਾ ਬਗ਼ੈਰ ਠਹਿਰਾਏ ਪਹਿਲਾਂ ਤੋਂ ਹੀ ਜਾਣ ਸਕਦਾ ਹੈ। ਖ਼ੁਦਾ ਦਾ ਪਹਿਲਾਂ ਤੋਂ ਇਲਮ ਸਾਡੀ ਯਾਦਦਾਸ਼ਤ ਵਾਂਗ ਮੰਨਿਆ ਜਾਂਦਾ ਹੈ। ਅਸੀਂ ਯਾਦ ਰੱਖ ਸਕਦੇ ਹਾਂ ਕਿ ਕੱਲ੍ਹ ਕੀ ਹੋਇਆ ਸੀ, ਪਰ ਕੱਲ੍ਹ ਹੋਈਆਂ ਘਟਨਾਵਾਂ ਨੂੰ ਯਾਦ ਰੱਖਣ ਦਾ ਮਤਲਬ ਇਹ ਨਹੀਂ ਕਿ ਉਹ ਫੇਰ ਹੋਣਗੀਆਂ। ਸ਼ਾਇਦ ਖ਼ੁਦਾ ਦਾ ਪੂਰਵ ਗਿਆਨ ਬੀਤੇ ਵਕਤ ਦੀਆਂ ਸਾਡੀਆਂ ਯਾਦਾਂ ਵਿਚ ਜਾਣ ਦੇ ਉਲਟ ਵਕਤ ਵਿਚ ਅੱਗੇ ਚਲਾ ਜਾਂਦਾ ਹੈ। ਜਿਵੇਂ ਅਸੀਂ ਬਰਕਤ ਦੀਆਂ ਗੱਲਾਂ ਨੂੰ ਵੇਖ ਸਕਦੇ ਹਾਂ ਤਿਵੇਂ ਹੀ ਖ਼ੁਦਾ ਆਪਣੇ ਪੂਰਵ ਗਿਆਨ ਨਾਲ ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਨੂੰ ਜਾਣ ਸਕਦਾ ਹੈ। ਸਭ ਤੋਂ ਜਾਣੂ ਹੋਣ ਕਰਕੇ ਉਹ ਭਵਿੱਖ ਨੂੰ ਵੇਖ ਸਕਦਾ ਹੈ, ਪਰ ਉਸਦੇ ਇਸ ਤਰ੍ਹਾਂ ਵੇਖਣ ਦਾ ਮਤਲਬ ਇਹ ਨਹੀਂ ਹੈ ਕਿ ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਹੋ ਚੁਕੀਆਂ ਹਨ।

ਅਜ਼ਾਦ ਨੈਤਿਕ ਪਸੰਦ ਅਤੇ ਪਹਿਲਾਂ ਤੋਂ ਠਹਿਰਾਏ ਜਾਣ ਦੀਆਂ ਦੋਵੇਂ ਧਾਰਣਾਵਾਂ ਨਵੇਂ ਨੇਮ ਦੀ ਇਕ ਆਇਤ ਰਸੂਲਾਂ ਦੇ ਕੰਮ 2:23 ਵਿਚ ਮਿਲਦੀ ਹੈ। ਉਨ੍ਹਾਂ ਨੂੰ ਇੱਕੋ ਵਾਕ ਵਿਚ ਵਰਤਿਆ ਜਾਂਦਾ ਹੈ ਅਤੇ ਉਨ੍ਹਾਂ ਵਿਚ ਆਪਸੀ ਵਿਰੋਧ ਨਹੀਂ ਹੁੰਦਾ। ਪਤਰਸ ਨੇ ਆਖਿਆ ਸੀ, ''ਓਸੇ ਨੂੰ ਜਦ ਪਰਮੇਸ਼ੁਰ ਦੀ ਠਹਿਰਾਈ ਹੋਈ ਮੱਤ ਅਤੇ ਅਗੰਮ ਗਿਆਨ ਦੇ ਅਨੁਸਾਰ ਹਵਾਲੇ ਕੀਤਾ ਗਿਆ ਤਾਂ ਤੁਸਾਂ ਬੁਰਿਆਰਾਂ ਦੇ ਹੱਥੀਂ ਸਲੀਬ ਦੇ ਕੇ ਮਰਵਾ ਦਿੱਤਾ'' (ਰਸੂਲਾਂ ਦੇ ਕੰਮ 2:23)। ਖ਼ੁਦਾ ਯਿਸੂ ਦੀ ਮੌਤ ਬਾਰੇ ਪਹਿਲਾਂ ਤੋਂ ਹੀ ਜਾਣਦਾ ਸੀ, ਉਸਨੇ ਤਾਂ ਇਸ ਨੂੰ ਪਹਿਲਾਂ ਤੋਂ ਹੀ ਠਹਿਰਾਇਆ ਵੀ ਸੀ, ਪਰ ਉਸਨੂੰ ਮਾਰਨ ਲਈ ਉਨ੍ਹਾਂ ਬੁਰਿਆਰਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਮਨੁੱਖ ਦੀ ਅਜ਼ਾਦ ਨੈਤਿਕ ਪਸੰਦ ਅਤੇ ਖ਼ੁਦਾ ਦੇ ਪੂਰਵ ਗਿਆਨ ਅਤੇ ਮਨਸ਼ਾ ਇਕ ਆਇਤ ਵਿਚ ਪਾਈ ਜਾਂਦੀ ਹੈ, ਪਰ ਇਕ ਧਾਰਣਾ ਦੂਜੀ ਨੂੰ ਰੱਦ ਨਹੀਂ ਕਰਦੀ।

ਦੁਨੀਆਂ ਦੀ ਬੁਨਿਆਦ ਰੱਖਣ ਤੋਂ ਪਹਿਲਾਂ ਖ਼ੁਦਾ ਨੇ ਮਸੀਹ ਵਿਚ ਸਾਡੇ ਛੁਟਕਾਰੇ ਦੀ ਯੋਜਨਾ ਬਣਾਈ ਸੀ, ਜਾਂ ਪਹਿਲਾਂ ਤੋਂ ਹੀ ਠਹਿਰਾਇਆ ਸੀ, ਪਰ ਸਾਡੇ ਲਈ ਛੁਟਕਾਰਾ ਹਾਸਲ ਕਰਨ ਲਈ ਛੁਟਕਾਰੇ ਦੇ ਦਾਇਰੇ ਭਾਵ ਮਸੀਹ ਦੀ ਦੇਹ ਵਿਚ ਹੋਣਾ ਜ਼ਰੂਰੀ ਹੈ। ਖ਼ੁਦਾ ਦੇ ਚੁਣਿਆਂ ਹੋਇਆਂ ਵਿਚ ਆਉਣਾ ਕੋਈ ਵੀ ਚੁਣ ਸਕਦਾ ਹੈ। ਕਿਸੇ ਨੇ ਕਿਹਾ ਹੈ, ''ਜੋ ਵੀ ਆਉਣਾ ਚਾਹੁੰਦਾ ਹੈ, ਉਹ ਚੁਣਿਆ ਹੋਇਆ ਹੈ, ਜੋ ਨਹੀਂ ਆਉਣਾ ਚਾਹੁੰਦਾ ਉਹ ਚੁਣਿਆ ਹੋਇਆ ਨਹੀਂ ਹੈ।''

ਤੁਸੀਂ ਖ਼ੁਦਾ ਦੇ ਚੁਣੇ ਹੋਏ ਲੋਕ ਹੋ? ਤੁਹਾਨੂੰ ਕਿਵੇਂ ਪਤਾ ਲਗ ਸਕਦਾ ਹੈ ਕਿ ਤੁਸੀਂ ਉਸਦੇ ਚੁਣੇ ਹੋਏ ਹੋ? ਪੌਲੁਸ ਮੁਤਾਬਿਕ ਭਲਾ ਤੁਸੀਂ ਉਸ ਵਿਚ ਹੋ? ਦਾ ਜਵਾਬ ਬੜਾ ਹੀ ਸੌਖਾ ਹੈ। ਮਸੀਹ ਵਿਚ ਆਉਣ ਵਾਲੇ ਇਸ ਗੱਲ ਤੋਂ ਖੁਸ਼ ਹੋ ਸਕਦੇ ਹਨ ਕਿ ਉਹ ਚੁਣੇ ਹੋਏ ਲੋਕਾਂ ਵਿਚ ਹਨ। ਮਸੀਹ ਵਿਚ ਅਸੀਂ ਬਰਕਤ ਦੀ ਅਜਿਹੀ ਥਾਂ ਤੇ ਹਾਂ ਜਿੱਥੇ ਖ਼ੁਦਾ ਨੇ ਯੁੱਗਾਂ ਤੋਂ ਪਹਿਲਾਂ ਅਨਾਦੀ ਕਾਲ ਤੋਂ ਠਹਿਰਾਇਆ ਜਾਂ ਚੁਣਿਆ ਸੀ। ਧਰਤੀ 'ਤੇ ਰਹਿੰਦੇ ਹੋਏ ਜੇ ਅਸੀਂ ਮਸੀਹ ਵਿਚ ਵਫ਼ਾਦਾਰ ਰਹਿੰਦੇ ਹਾਂ, ਤਾਂ ਹਮੇਸ਼ਾ ਤਕ ਰਹਿਣ ਦੇ ਲਈ ਸੁਰਗ ਸਾਡਾ ਘਰ ਹੋਵੇਗਾ।

## ਸਨਾਤਨ ਕਾਲ ਤੋਂ ਚੁਣੇ ਹੋਏ

ਦੂਜਾ, ਪੌਲੁਸ ਨੇ ਕਿਹਾ ਕਿ ਖ਼ੁਦਾ ਦੇ ਚੁਣੇ ਹੋਏ ਭਾਵ ਕਲੀਸੀਆ ਜਿਨ੍ਹਾਂ ਨੂੰ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਚੁਣਿਆ ਗਿਆ ਸੀ। ਉਸਦੇ ਸ਼ਬਦਾਂ ਵਿਚ, ''... *ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ* ਉਸ ਵਿਚ ਚੁਣ ਲਿਆ ...'' (ਅਫ਼ਸੀਆਂ 1:4)।

ਪੌਲੁਸ ਨੇ ਬੇਹੱਦ ਬੁਨਿਆਦੀ ਯੂਨਾਨੀ ਸ਼ਬਦ ਦੀ ਵਰਤੋਂ ਕੀਤੀ ਹੈ ਜਿਸਨੂੰ ਅੰਗ੍ਰੇਜ਼ੀ ਦੇ NASB ਅਨੁਵਾਦ ਵਿਚ ''foundation'' ਅਨੁਵਾਦ ਕੀਤਾ ਗਿਆ ਹੈ। ਅਸਲ ਵਿਚ ਇਸ ਦਾ ਅਰਥ ''ਉਤਪਤ ਦੀ ਉਤਪਤ ਤੋਂ ਪਹਿਲਾਂ'' ਹੈ। ਖ਼ੁਦਾ ਨੇ ਸਾਡੇ ਪਾਪ ਕਰਨ ਤੋਂ ਪਹਿਲਾਂ, ਸਾਡੇ ਰਚੇ ਜਾਣ

ਤੋਂ ਪਹਿਲਾਂ ਅਤੇ ਸੰਸਾਰ ਦੀ ਰਚਨਾ ਤੋਂ ਪਹਿਲਾਂ ਅਰੰਭਹੀਨ ਅਨਾਦੀਕਾਲ ਵਿਚ ਸਾਡੇ ਬਾਰੇ ਸੋਚਿਆ ਅਤੇ ਸਾਨੂੰ ਆਪਣੇ ਖ਼ਾਸ ਲੋਕ ਬਣਾਉਣ ਲਈ ਵੱਖ ਕੀਤਾ। ਆਪਣੀ ਪਵਿੱਤਰ ਅਤੇ ਅਨਾਦੀ ਸਮਝ ਨਾਲ ਉਸਨੇ ਸਾਡੇ ਛੁਟਕਾਰੇ ਦੀ ਆਪਣੀ ਯੋਜਨਾ, ਜੋ ਯਿਸੂ ਵਿਚ, ਉਸਦੀ ਸਲੀਬੀ ਮੌਤ ਤੇ ਅਤੇ ਮਸੀਹ ਦੀ ਰੂਹਾਨੀ ਦੇਹ ਅਰਥਾਤ ਕਲੀਸੀਆ ਵਿਚ ਕੇਂਦਰਤ ਸੀ, ਆਪਣੇ ਚੁਣੇ ਹੋਏ ਲੋਕ ਬਣਾਉਣ ਦੀ ਚੋਣ ਕੀਤੀ। ਇਸ ਅਰਥ ਵਿਚ ਯਿਸੂ ਨੂੰ ਖ਼ੁਦਾ ਦਾ ਲੇਲਾ ਕਿਹਾ ਜਾ ਸਕਦਾ ਹੈ ਜੋ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਕੁਰਬਾਨ ਹੋਇਆ ਸੀ (ਪ੍ਰਕਾਸ਼ ਦੀ ਪੋਥੀ 13:8; 1 ਪਤਰਸ 1:19, 20)।

ਖ਼ੁਦਾ ਨੇ ਯਿਰਮਿਯਾਹ ਨੂੰ ਦੱਸਿਆ ਸੀ ਕਿ ''ਇਸ ਤੋਂ ਪਹਿਲਾਂ ਕਿ ਮੈਂ ਤੈਨੂੰ ਢਿੱਡ ਵਿਚ ਸਾਜਿਆ ਮੈਂ ਤੈਨੂੰ ਜਾਣਦਾ ਸਾਂ, ਇਸ ਤੋਂ ਪਹਿਲਾਂ ਕਿ ਤੂੰ ਕੁੱਖੋਂ ਨਿੱਕਲਿਆ ਮੈਂ ਤੈਨੂੰ ਵੱਖਰਾ ਕੀਤਾ, ਮੈਂ ਤੈਨੂੰ ਕੌਮਾਂ ਲਈ ਨਬੀ ਮਿਥਿਆ'' (ਯਿਰਮਿਯਾਹ 1:5)। ਪੌਲੁਸ ਨੇ ਕਿਹਾ ਕਿ ਖ਼ੁਦਾ ਨੇ ਉਸ ਨੂੰ ਮਾਂ ਦੀ ਕੁੱਖ ਤੋਂ ਹੀ ਵੱਖ ਕਰ ਲਿਆ ਸੀ (ਗਲਾਤੀਆਂ 1:15)। ਖ਼ੁਦਾ ਨੇ ਯਿਰਮਿਯਾਹ ਜਾਂ ਪੌਲੁਸ ਨੂੰ ਆਪਣੀ ਨੈਤਿਕ ਪਸੰਦ ਨਾਲ ਨਹੀਂ ਚੁਣਿਆ, ਪਰ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਉਸਦਾ ਦਿਲ ਉਨ੍ਹਾਂ ਤੇ ਸੀ। ਖ਼ੁਦਾ ਆਪਣੀ ਰਚਨਾ ਦੀ ਅਜ਼ਾਦ ਪਸੰਦ ਨਾਲ ਦਖ਼ਲ ਦਿੱਤੇ ਬਗ਼ੈਰ ਹੀ ਕੋਈ ਤਰੀਕਾ ਕੱਢ ਸਕਦਾ ਹੈ, ਯੋਜਨਾ ਬਣਾ ਸਕਦਾ ਹੈ ਅਤੇ ਪਹਿਲਾਂ ਤੋਂ ਠਹਿਰਾ ਸਕਦਾ ਹੈ। ਹੋ ਸਕਦਾ ਹੈ ਕਿ ਸਾਨੂੰ *ਸਮਝ* ਨਾ ਆਵੇ, ਪਰ ਖ਼ੁਦਾ ਦੇ ਵਚਨ ਦੀ ਸਪੱਸ਼ਟ ਸਿੱਖਿਆ ਕਰਕੇ ਅਸੀਂ ਇਸ ਤੇ *ਭਰੋਸਾ* ਰਹਿ ਸਕਦੇ ਹਾਂ।

ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਖ਼ੁਦਾ ਲਈ ਕਲੀਸੀਆ ਦੀ ਕੀ ਅਹਿਮੀਅਤ ਹੈ ਤਾਂ ਸੰਸਾਰ ਦੀ ਰਚਨਾ ਤੋਂ ਪਹਿਲਾਂ ਲੋਕਾਂ ਨੂੰ ਉਹਦੇ ਚੁਣੇ ਹੋਏ ਲੋਕ ਬਣਾਉਣ ਦੇ ਲਈ ਕਲੀਸੀਆ ਨੂੰ ਉਹਦੇ ਚੁਣੇ ਹੋਏ ਲੋਕ ਬਣਾਉਣ ਦੇ ਲਈ ਕਲੀਸੀਆ ਨੂੰ ਉਹਦੇ ਚੁਣੇ ਹੋਣ ਤੇ ਧਿਆਨ ਕਰੋ। ਖ਼ੁਦਾ ਨੇ ਇਹ ਪਸੰਦ ਕੁਝ ਵੀ ਰਚਣ ਤੋਂ ਪਹਿਲਾਂ ਬਣਾਈ ਸੀ। ਅਸੀਂ ਆਮ ਤੌਰ ਤੇ ਕਿਸੇ ਵੀ ਖ਼ਾਸ ਹਾਲਤ ਵਿਚ ਇਹ ਆਖ ਕੇ ਕਿ ''ਜਿਸ ਵੇਲੇ ਇਹ ਹੋਇਆ ਸੀ ਉਦੋਂ ਮੈਨੂੰ ਅਹਿਸਾਸ ਹੋਇਆ ...'' ਉਸ ਹਾਲਤ ਬਾਰੇ ਆਪਣੀਆਂ ਤਰਜੀਹਾਂ ਦੱਸਦੇ ਹਾਂ। ਉਸ ਵੇਲੇ ਆਪਣੇ ਖ਼ਿਆਲ ਨਾਲ ਸਭ ਤੋਂ ਜ਼ਰੂਰੀ ਗੱਲ ਤੇ ਅਸੀਂ ਆਪਣੇ ਵਿਚਾਰ ਇਸ ਤਰ੍ਹਾਂ ਦੱਸਦੇ ਹਾਂ। ਖ਼ੁਦਾ ਦੇ ਵਚਨ ਦੇ ਖੋਜ ਭਰਪੂਰ ਔਜ਼ਾਰ ਨਾਲ ਅਸੀਂ ਇਸ ਤਰ੍ਹਾਂ ਵੀ ਵੇਖ ਸਕਦੇ ਹਾਂ ਕਿ ਉਸਦੇ ਮਨ ਵਿਚ ਪਹਿਲਾਂ ਸਭ ਤੋਂ ਜ਼ਰੂਰੀ ਗੱਲ ਕੀ ਸੀ: ''ਉਸਨੇ ਸਾਨੂੰ ਸੰਸਾਰ ਦੀ ਉਤਪਤ ਤੋਂ ਪਹਿਲਾਂ ਉਸ ਵਿਚ ਚੁਣ ਲਿਆ।'' ਕਲੀਸੀਆ ਉਹਦੇ ਚੁਣੇ ਹੋਏ ਲੋਕਾਂ ਦੇ ਰੂਪ ਵਿਚ ਜਗਤ ਦੀ ਉਤਪਤ ਤੋਂ ਪਹਿਲਾਂ ਹੀ ਖ਼ੁਦਾ ਦੇ ਮਨ ਵਿਚ ਸੀ।

ਚੁਣੇ ਹੋਏ ਲੋਕ ਖ਼ੁਦਾ ਦੇ ਲਈ ਕਿੰਨੇ ਪਿਆਰੇ ਨੇ! ਉਹ ਸਮੇਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਸਦੇ ਧਿਆਨ ਵਿਚ ਸਨ। ਇਸ ਸਚਿਆਈ ਨਾਲ ਸਾਨੂੰ ਖ਼ੁਦਾਈ ਹੌਸਲੇ ਦੇ ਨਾਲ ਬਲ ਅਤੇ ਸਮਰੱਥਾ ਮਿਲਦੀ ਹੈ।

## ਪਵਿੱਤਰ ਹੋਣ ਲਈ ਚੁਣੇ ਹੋਏ

ਤੀਜਾ, ਪੌਲੁਸ ਦੇ ਰਹਿਣ ਅਨੁਸਾਰ ਸਾਨੂੰ ਪਵਿੱਤਰ ਬਣਨ ਲਈ ਚੁਣਿਆ ਗਿਆ ਹੈ। ਉਹ ਲਿਖਦਾ ਹੈ, ''ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿਚ ਚੁਣ ਲਿਆ *ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿਚ ਪਵਿੱਤਰ ਅਤੇ ਨਿਰਮਲ ਹੋਈਏ*'' (ਅਫ਼ਸੀਆਂ 1:4)। ਸਾਨੂੰ ਇਕ ਉਦੇਸ਼ ਲਈ ਚੁਣਿਆ ਗਿਆ ਹੈ।

ਖ਼ੁਦਾ ਨੇ ਕਲੀਸੀਆ ਨੂੰ ਆਪਣੇ ਲੋਕ ਬਣਾਉਣ ਅਤੇ ਆਪਣਾ ਚਰਿੱਤਰ ਜਾਂ ਸੂਰਤ ਪਰਗਟ ਕਰਨ ਦੇ ਲਈ ਚੁਣਿਆ ਹੈ। ਉਸਨੇ ਠਹਿਰਾ ਦਿੱਤਾ ਹੈ ਕਿ ਉਸਦੀ ਕਲੀਸੀਆ ਪਵਿੱਤਰ ਬਣੇ। ਪਤਰਸ ਨੇ ਲਿਖਿਆ ਹੈ, ''ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਭੀ ਤਿਵੇਂ ਹੀ ਆਪਣੀ

ਸਾਰੀ ਚਾਲ ਵਿਚ ਪਵਿੱਤਰ ਬਣੋ। ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ'' (1 ਪਤਰਸ 1:15, 16)। ਪਵਿੱਤਰ ਬਣਨ ਤੋਂ ਭਾਵ ਹੈ ਪਾਪ ਤੋਂ ਮੁਕਤ ਅਤੇ ਖ਼ੁਦਾ ਦੇ ਪਵਿੱਤਰ ਕੰਮ ਲਈ ਅੱਡ ਹੋਣਾ।

ਖ਼ੁਦਾ ਨੇ ਆਪਣੇ ਲੋਕਾਂ ਨੂੰ ਨਿਹਕਲੰਕ ਬਣਨ ਵਾਸਤੇ ਵੀ ਚੁਣਿਆ ਹੈ। ਇਸ ਸ਼ਬਦ ਦਾ ਅਰਥ ਹੈ ''ਦਾਗ਼ ਰਹਿਤ'' ਜਾਂ ''ਦੋਸ਼ ਰਹਿਤ।'' ਇਸ ਨਾਲ ਖ਼ੁਦਾ ਦੇ ਲੋਕਾਂ ਦੇ ਮਕਸਦ ਦਾ ਪਤਾ ਲਗਦਾ ਹੈ। ਸਾਨੂੰ ਉਹਦੇ ਸਾਹਮਣੇ ਬੇਦਾਗ ਜ਼ਿੰਦਗੀ ਜੀਣ ਦੀ ਕੋਸ਼ਿਸ਼ ਕਰਨੀ ਹੈ। ਇਸ ਉੱਚੀ ਇੱਛਿਆ ਨੂੰ ਜੇ ਅਸੀਂ ਹਾਸਲ ਨਾ ਵੀ ਕਰ ਸਕੀਏ, ਤਾਂ ਵੀ ਸਾਡੇ ਮਨ ਇਸੇ ਤੇ ਲੱਗੇ ਰਹਿਣੇ ਚਾਹੀਦੇ ਹਨ। ਪਵਿੱਤਰ ਬਣਨ ਅਤੇ ਦੋਸ਼ ਰਹਿਤ ਹੋਣ ਦੀ ਕੋਸ਼ਿਸ਼ ਤਦ ਤਕ ਖ਼ਤਮ ਨਹੀਂ ਹੋਵੇਗੀ ਜਦ ਤਕ ਅਸੀਂ ਅਨਾਦੀਕਾਲ ਵਿਚ ਉਹਦੇ ਤਖ਼ਤ ਸਾਹਮਣੇ ਖੜੇ ਨਹੀਂ ਹੁੰਦੇ। ਮਸੀਹੀ ਲੋਕ ਆਪਣੇ ਪ੍ਰਭੂ ਦੇ ਪਿਆਰੇ ਹੁਕਮਾਂ ਦੇ ਕਾਰਣ ਖ਼ੁਦਾ ਦੇ ਸਾਹਮਣੇ ਅਜਿਹਾ ਜੀਵਨ ਗੁਜ਼ਾਰਨ ਦੀ ਇੱਛਾ ਕਰਦੇ ਜਿਸ ਨਾਲ ਉਹ ਆਪਣੇ ਵਿਰੁੱਧ ਇਲਜ਼ਾਮ ਤੋਂ ਬਚ ਜਾਂਦੇ ਹਨ।

ਪੌਲੁਸ ਨੇ ਇਹ ਵੀ ਆਖਿਆ ਹੈ ਕਿ ਖ਼ੁਦਾ ਨੇ ''ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤਰ ਹੋਣ ਨੂੰ ਅੱਗੋਂ ਹੀ ਠਹਿਰਾਇਆ'' (ਅਫ਼ਸੀਆਂ 1:5)। ਉਸਨੇ ਸਾਨੂੰ ਆਪਣੇ ਬੇਟੇ ਹੋਣ ਲਈ ਚੁਣਿਆ ਹੈ। ਇਸ ਸੰਦਰਭ ਵਿਚ ਲੇਪਾਲਕ ਹੋਣ ਦਾ ਅਰਥ ''ਪੁੱਤਰ ਹੋਣ ਦੇ ਸਾਰੇ ਹੱਕਾਂ, ਖ਼ਾਸ ਹੱਕਾਂ ਅਤੇ ਫ਼ਰਜ਼ਾਂ ਨੂੰ ਪਾਉਣਾ ਹੈ।'' ਲੇਪਾਲਕ ਅਰਥਾਤ ਗੋਦ ਲੈਣ ਨਾਲ ਸਾਨੂੰ ਖ਼ੁਦਾ ਦੇ ਪਰਿਵਾਰ ਵਿਚ ਪੁੱਤਰ ਹੋਣ ਦੇ ਸਾਰੇ ਹੱਕ ਮਿਲਦੇ ਹਨ। ਖ਼ੁਦਾ ਨੇ ਪਹਿਲਾਂ ਤੋਂ ਠਹਿਰਾਇਆ, ਅਰਥਾਤ ਅਰੰਭ ਰਹਿਤ ਆਦਿ ਕਾਲ ਵਿਚ ਇਹ ਫ਼ੈਸਲਾ ਲਿਆ ਕਿ ਉਹ ਯਿਸੂ ਵਿਚ ਆਉਣ ਵਾਲਿਆਂ ਨੂੰ ਗੋਦ ਲਏਗਾ ਅਤੇ ਉਨ੍ਹਾਂ ਨੂੰ ਆਪਣੇ ਸੁਰਗੀ ਪਰਿਵਾਰ ਦੇ ਸਾਰੇ ਅਧਿਕਾਰ, ਧਨ ਅਤੇ ਜ਼ਿੰਮੇਵਾਰੀਆਂ ਦੇ ਕੇ ਆਪਣੀ ਸੰਤਾਨ ਬਣਾਏਗਾ।

ਮੰਨ ਲਓ ਕਿ ਰੇਡੀਓ ਸਟੇਸ਼ਨ ਵਾਲੇ ਤੁਹਾਨੂੰ ਸੱਦ ਕੇ ਆਖਦੇ ਹਨ, ''ਤੁਸੀਂ ਚੁਣ ਲਏ ਗਏ ਹੋ। ਅਸੀਂ ਤੁਹਾਡੀ ਚੋਣ ਕਰ ਲਈ ਹੈ।'' ਤੁਸੀਂ ਝੱਟ ਆਖੋਗੇ, ''ਕਾਹਦੇ ਲਈ ਚੁਣ ਲਿਆ?'' ਮੰਨ ਲਓ ਕਿ ਤੁਹਾਨੂੰ ਬੁਲਾਉਣ ਵਾਲਾ ਆਖਦਾ ਹੈ, ''ਅਸੀਂ ਤੁਹਾਨੂੰ ਚੁਣ ਲਿਆ ਹੈ, ਪਰ ਪਤਾ ਨਹੀਂ ਕਾਹਦੇ ਲਈ। ਤੁਹਾਡੀ ਚੋਣ ਕਰਨ ਵੇਲੇ ਸਾਡੇ ਮਨ ਵਿਚ ਕੋਈ ਖ਼ਾਸ ਗੱਲ ਨਹੀਂ ਸੀ। ਇਸ ਵਕਤ ਤਾਂ ਤੁਹਾਨੂੰ ਇਹੀ ਦੱਸ ਸਕਦੇ ਹਾਂ ਕਿ ਤੁਹਾਡੀ ਚੋਣ ਹੋ ਗਈ ਹੈ। ਟੋਕਰੀ ਵਿਚ ਹਜ਼ਾਰਾਂ ਲੋਕਾਂ ਦੇ ਨਾਂਅ ਸਨ ਪਰ ਜਦ ਡਰਾਅ ਨਿੱਕਲਿਆ ਤਾਂ ਤੁਹਾਡਾ ਨਾਂਅ ਨਿੱਕਲ ਆਇਆ। ਇਸ ਕਰਕੇ ਅਸੀਂ ਤੁਹਾਨੂੰ ਵਧਾਈ ਦੇਣ ਲਈ ਸੱਦਿਆ ਹੈ।'' ਇਹ ਸੁਣ ਕੇ ਕਿ ''ਪਤਾ ਨਹੀਂ ਕਿਸ ਗੱਲ ਲਈ ਤੁਹਾਨੂੰ ਚੁਣਿਆ ਹੈ'' ਚੁਣੇ ਜਾਣ ਦੀ ਤੁਹਾਡੀ ਸਾਰੀ ਖੁਸ਼ੀ ਇਕ ਦਮ ਉੱਡ ਹੀ ਜਾਏਗੀ। ਤੁਸੀਂ ਆਪਣੇ ਆਪ ਨੂੰ ਚੁਣਿਆ ਹੋਇਆ ਜਾਂ ਖ਼ਾਸ ਮਹਿਸੂਸ ਨਹੀਂ ਕਰੋਗੇ। ਚੁਣੇ ਜਾਣ ਦਾ ਰੋਮਾਂਚ ਉਸਦੇ ਮਤਲਬ ਨੂੰ ਸਮਝਣ ਵਿਚ ਜਾਂਦਾ ਰਹੇਗਾ।

ਖ਼ੁਦਾ ਨੇ ਆਪਣੀ ਚੋਣ ਦਾ ਇਕ ਉਦੇਸ਼ ਰੱਖਿਆ ਹੈ। ਖ਼ੁਦਾ ਨੇ ਸਾਨੂੰ ਮਸੀਹ ਵਿਚ ਉਹਦੇ ਛੁਟਕਾਰੇ ਨੂੰ ਹਾਸਲ ਕਰਨ, ਉਹਦੇ ਪੁੱਤਰਾਂ ਦੇ ਰੂਪ ਵਿਚ ਗੋਦ ਲਏ ਜਾਣ ਅਤੇ ਇਸ ਸੰਸਾਰ ਵਿਚ ਉਹਦੇ ਆਪਣੇ ਲੋਕਾਂ ਦੇ ਰੂਪ ਵਿਚ ਪਵਿੱਤਰ ਅਤੇ ਨਿਹਕਲੰਕ ਜੀਵਨ ਗੁਜ਼ਾਰਨ ਲਈ ਚੁਣਿਆ ਹੈ। ਉਸਨੇ ਸਾਨੂੰ ਇਕ ਪਵਿੱਤਰ ਉਦੇਸ਼ ਨਾਲ ਆਪਣੇ ਬੁਲਾਏ ਹੋਏ ਲੋਕਾਂ ਦੇ ਰੂਪ ਵਿਚ ਵੱਖਰੇ ਰਹਿ ਕੇ ਜ਼ਿੰਦਗੀ ਬਿਤਾਉਣ ਲਈ ਚੁਣਿਆ ਹੈ।

ਪਵਿੱਤਰਤਾ ਅਤੇ ਨਿਹਕਲੰਕਤਾ ਨੂੰ ਖ਼ੁਦਾ ਦੇ ਵਚਨ ਨਾਲ ਵਫ਼ਾਦਾਰ ਰਹਿ ਕੇ ਬਣਾਈ ਰੱਖਿਆ ਜਾਂਦਾ ਹੈ। ਸਾਨੂੰ ਖ਼ੁਦਾ ਦੀ ਮਰਜ਼ੀ ਅਨੁਸਾਰ ਚੱਲਣ ਲਈ ਵੱਖਰਾ ਕੀਤਾ ਗਿਆ ਭਾਵ ਪਵਿੱਤਰ ਹੋਣ

ਲਈ ਬੁਲਾਇਆ ਗਿਆ ਹੈ ਅਤੇ ਉਹਦੀ ਇੱਛਾ ਵਿਚ ਬਣੇ ਰਹਿਣ ਨਾਲ ਅਸੀਂ ਉਹਦੇ ਸਾਹਮਣੇ ਕਲੰਕ ਰਹਿਤ ਬਣਦੇ ਹਾਂ। ਆਓ ਆਪਣੇ ਭਾਈ ਪਤਰਸ ਦੀਆਂ ਗੱਲਾਂ ਤੇ ਧਿਆਨ ਦਈਏ:

> ਇਸ ਕਾਰਣ ਹੇ ਭਰਾਓ, ਆਪਣੇ ਸੱਦੇ ਜਾਣ ਅਤੇ ਚੁਣੇ ਜਾਣ ਨੂੰ ਪੱਕਿਆ ਕਰਨ ਦਾ ਹੋਰ ਭੀ ਜਤਨ ਕਰੋ ਕਿਉਂਕਿ ਜੇ ਤੁਸੀਂ ਇਹ ਕੰਮ ਕਰੋ ਤਾਂ ਕਦੇ ਠੇਡਾ ਨਾ ਖਾਓਗੇ। ਕਿਉਂ ਜੋ ਇਸੇ ਪਰਕਾਰ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀਦਾਤੇ ਯਿਸੂ ਮਸੀਹ ਦੇ ਸਦੀਪਕ ਰਾਜ ਵਿਚ ਵੱਡੀ ਖੁੱਲ੍ਹ ਨਾਲ ਪਰਵੇਸ਼ ਕਰਨਾ ਮਿਲੇਗਾ (2 ਪਤਰਸ 1:10, 11)।

## ਕਿਰਪਾ ਨਾਲ ਚੁਣੇ ਗਏ

ਚੌਥਾ, ਸਾਨੂੰ ਕਿਰਪਾ ਕਰਕੇ ਚੁਣਿਆ ਗਿਆ ਹੈ। ਪੌਲੁਸ ਆਖਦਾ ਹੈ, ਕਿ ਖ਼ੁਦਾ ਨੇ ਸਾਨੂੰ ''*ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ* ... ਕਿਰਪਾ ਦੀ ਮਹਿਮਾ'' ਵਿਚ ਚੁਣਿਆ ਜੋ ''ਉਹ ਨੇ ਉਸ ਪਿਆਰੇ ਵਿਚ ਸਾਨੂੰ ਬਖ਼ਸ਼ ਦਿੱਤੀ'' (ਅਫ਼ਸੀਆਂ 1:5, 6)। ਦੂਜੇ ਸ਼ਬਦਾਂ ਵਿਚ ਇਹ ਚੁਣਿਆ ਜਾਣਾ ਖ਼ੁਦਾ ਦੀ ਭਲਿਆਈ ਤੇ ਦਇਆ ਦੇ ਸਬੱਬ ਸ਼ੁਰੂ ਹੋ ਕੇ ਪੂਰਾ ਹੋਇਆ।

ਉਸਦੀ ''ਮਰਜ਼ੀ ਦੇ ਨੇਕ ਇਰਾਦੇ'' ਤੋਂ ਕੀ ਭਾਵ ਹੈ? ਖ਼ੁਦਾ ਦੀ ਮਰਜ਼ੀ ਵਿਚ ਹੁਕਮ, ਹਦਾਇਤਾਂ ਅਤੇ ਵਿਧੀਆਂ ਸ਼ਾਮਿਲ ਹਨ। ਪੂਰੇ ਉਦੇਸ਼ ਅਤੇ ਵਿਸ਼ਿਆਂ ਵਿਚ, ਉਸਦੀ ਸੰਪੂਰਣ ਇੱਛਾ ਵਿਚ ਇਕ ਮੂਲ ਮਕਸਦ ਇਕ ਪਰਮ ਉਦੇਸ਼ ਅਤੇ ਇਕ ਰਹਿਮ ਭਰਿਆ ਨਮੂਨਾ ਹੈ। ਮੂਲ ਨੇਕ ਇਰਾਦਾ ਭਾਵ ਮਕਸਦ ਤੋਂ ਕੀ ਭਾਵ ਹੈ? ਭਲਾ ਇਸ ਤੋਂ ਭਾਵ ਪਾਪ ਤੋਂ ਛੁਟਕਾਰਾ ਅਤੇ ਪ੍ਰਭੂ ਨਾਲ ਜੀਵਨ ਨਹੀਂ ਹੈ? ਦੂਜੇ ਸ਼ਬਦਾਂ ਵਿਚ, ਉਹ ਸਾਡਾ ਭਲਾ ਚਾਹੁੰਦਾ ਹੈ। ਖ਼ੁਦਾ ਨੇ ਜੋ ਕੁਝ ਵੀ ਕੀਤਾ ਹੈ ਉਹਨੇ ਸੱਚਮੁੱਚ ਸਾਡਾ ਭਲਾ ਵੇਖ ਕੇ ਪਰਉਪਕਾਰ ਨਾਲ ਕੀਤਾ ਹੈ। ਪਤਰਸ ਨੇ ਆਖਿਆ ਸੀ, ''ਪ੍ਰਭੂ ... ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਏ ਸਗੋਂ ਸੱਭੋ ਤੌਬਾ ਵੱਲ ਮੁੜਨ'' (2 ਪਤਰਸ 3:9)। ਪੌਲੁਸ ਨੇ ਲਿਖਿਆ, ''ਸਾਡੇ ਮੁਕਤੀ ਦਾਤੇ ਪਰਮੇਸ਼ੁਰ ਦੇ ਹਜ਼ੂਰ ਇਹੋ ਭਲਾ ਅਤੇ ਪਰਵਾਨ ਹੈ। ਜੋ ਚਾਹੁੰਦਾ ਹੈ ਭਈ ਸਾਰੇ ਮਨੁੱਖ ਬਚਾਏ ਜਾਣ ਅਤੇ ਓਹ ਸਤ ਦੇ ਗਿਆਨ ਤੀਕ ਪਹੁੰਚਣ'' (1 ਤਿਮੋਥਿਉਸ 2:3, 4)।

ਖ਼ੁਦਾ ਦੇ ਚੁਣੇ ਹੋਏ ਲੋਕਾਂ ਦੇ ਰੂਪ ਵਿਚ ਕਲੀਸੀਆ ਦਾ ਵਜੂਦ, ''ਉਹ ਦੀ ਕਿਰਪਾ ਦੀ ਮਹਿਮਾ ਦੀ ਉਸਤਤ'' ਲਈ ਹੈ ''ਜਿਹੜੀ ਉਹਨੇ ਉਸ ਪਿਆਰੇ ਵਿਚ ਸਾਨੂੰ ਬਖ਼ਸ਼ ਦਿੱਤੀ'' (ਅਫ਼ਸੀਆਂ 1:6)। ਖ਼ੁਦਾ ਨੇ ਕਲੀਸੀਆ ਦੀ ਯੋਜਨਾ ਬਣਾਈ, ਕਲੀਸੀਆ ਦੇ ਆਉਣ ਦੀ ਨਬੂਵਤ ਕੀਤੀ, ਕਲੀਸੀਆ ਦੀ ਬੁਨਿਆਦ ਰੱਖਣ ਲਈ ਯਿਸੂ ਨੂੰ ਘੱਲਿਆ, ਕਲੀਸੀਆ ਨੂੰ ਖਰੀਦਣ ਲਈ ਸਲੀਬ ਤੇ ਮਰਨ ਲਈ ਮਸੀਹ ਨੂੰ ਘੱਲਿਆ। ਮੋਅਜਜ਼ੇ ਰਾਹੀਂ ਪੈਂਟੀਕਾਸਟ ਵਾਲੇ ਦਿਨ ਕਲੀਸੀਆ ਦੀ ਸ਼ੁਰੂਆਤ ਕੀਤੀ ਅਤੇ ਸੰਸਾਰ ਦੇ ਛੁਟਕਾਰੇ ਲਈ ਇੰਜੀਲ ਦੇ ਪ੍ਰਚਾਰ ਵਿਚ ਅਗਵਾਈ ਦਿੱਤੀ, ਪਰ ਇਹ ਸਭ ਸੰਸਾਰ ਦੇ ਛੁਟਕਾਰੇ ਲਈ ਉਸ ਦੇ ਰਹਿਮ ਭਰੇ ਨੇਕ ਇਰਾਦੇ ਨੂੰ ਪੂਰਾ ਕਰਨ ਵਾਸਤੇ ਕੀਤਾ ਗਿਆ। ਉਸਦੇ ਖ਼ੁਦਾਈ ਕੰਮ ਦਾ ਫ਼ਲ ਭਾਵ ਕਲੀਸੀਆ ਲਈ ਕੀਤਾ ਗਿਆ ਸੀ। ਉਸਦੀ ਕਿਰਪਾ ਦੇ ਤੇਜ ਦੀ ਵਡਿਆਈ ਕਰਨੀ ਜ਼ਰੂਰੀ ਹੈ। ਕਲੀਸੀਆ ਸਿਫ਼ਰ ਤੋਂ ਸ਼ੁਰੂ ਹੋ ਕੇ ਸੰਸਾਰ ਵਿਆਪੀ ਸੰਗਠਨ ਬਣਨ ਦਾ ਦਾਅਵਾ ਨਹੀਂ ਕਰ ਸਕਦੀ ਹੈ। ਇਹ ਖ਼ੁਦਾ ਦੀ ਕਿਰਪਾ ਭਰੇ ਨੇਕ ਇਰਾਦੇ ਅਤੇ ਕੰਮਾਂ ਵਿਚ ਸਿਰਫ਼ ਉਹਦਾ ਗੁਣਗਾਣ ਕਰ ਸਕਦੀ ਹੈ। ਉਸਦਾ ਫ਼ਜ਼ਲ ਸਾਡੀ ਵਡਿਆਈ ਹੈ।

ਭਲਾ ਤੁਸੀਂ ਕਿਸੇ ਅਜਿਹੇ ਆਦਮੀ ਨੂੰ ਜਾਣਦੇ ਹੋ ਜਿਹਨੇ ਹਮੇਸ਼ਾ ਸਾਡਾ ਭਲਾ ਹੀ ਚਾਹਿਆ ਹੋਵੇ? ਭਲਾ ਤੁਸੀਂ ਕਿਸੇ ਅਜਿਹੇ ਬੰਦੇ ਨੂੰ ਜਾਣਦੇ ਹੋ ਜਿਸਦਾ ਸੁਭਾਅ ''ਪਹਿਲਾਂ ਮੈਂ'' ਦੀ ਬਜਾਏ ''ਪਹਿਲਾਂ ਤੁਸੀਂ'' ਰਿਹਾ ਹੋਵੇ। ਭਲਾ ਕੋਈ ਅਜਿਹਾ ਹੈ ਜੋ ਤੁਹਾਨੂੰ ਹਰ ਗੱਲ ਵਿਚ ਪਹਿਲ ਦਿੰਦਾ

ਹੋਵੇ? ਜੇ ਤੁਸੀਂ ਸਭ ਤੋਂ ਸੁਆਰਥ ਰਹਿਤ ਅਤੇ ਉਦਾਰ ਆਦਮੀ ਨੂੰ ਜਾਣਦੇ ਹੋ, ਦਾ ਚਿੱਤਰ ਬਣਾਉਣਾ ਹੋਵੇ ਅਤੇ ਉਸ ਚਿੱਤਰ ਨੂੰ ਲੱਖਾਂ ਵਾਰ ਗੁਣਾਂ ਕਰਨਾ ਹੋਵੇ ਤਾਂ ਤੁਹਾਨੂੰ ਇੱਕੋ ਤਸਵੀਰ ਨਜ਼ਰ ਆਵੇਗੀ ਕਿ ਖ਼ੁਦਾ ਕਿਹੋ ਜਿਹਾ ਹੈ। ਉਹ ਜੋ ਕਰਦਾ ਹੈ ਆਪਣੀ ਦਇਆ ਦੇ ਕਰਕੇ ਹੀ ਕਰਦਾ ਹੈ।

ਉਸਦੀ ਕਿਰਪਾ ਲਈ ਧੰਨਵਾਦ ਦੇਣ ਦੇ ਨਾਲ, ਸਾਨੂੰ ਉਸਦੇ ਛੁਟਕਾਰੇ ਲਈ ਜੀਵਨ ਮਸੀਹ ਰਾਹੀਂ ਮਿਲਿਆ ਹੈ, ਉਸ ਮਿਸ਼ਨ ਜਾਂ ਉਦੇਸ਼ ਲਈ ਜੋ ਸਾਨੂੰ ਦਿੱਤਾ ਗਿਆ ਹੈ ਸੁਨਹਿਰੇ ਭਵਿੱਖ ਦੇ ਲਈ ਜੋ ਨਾ ਖ਼ਤਮ ਹੋਣ ਵਾਲਾ ਅਨੰਤ ਕਾਲ ਦੇ ਭਵਿੱਖ ਵਿਚ ਖ਼ੁਦਾ ਦੇ ਚੁਣਿਆ ਹੋਇਆ ਦੇ ਰੂਪ ਵਿਚ ਸਾਨੂੰ ਮਿਲਿਆ ਹੈ, ਖੁਸ਼ੀ ਮਨਾਉਣੀ ਚਾਹੀਦੀ ਹੈ ਹਰੇਕ ਮਸੀਹੀ ਨੂੰ ਮਨ ਨਾਲ ਖ਼ੁਦਾ ਦੇ ਉਸ ਜਲਾਲੀ ਫ਼ਜ਼ਲ ਦੇ ਗੀਤ ਗਾਉਂਦੇ ਰਹਿਣਾ ਚਾਹੀਦਾ ਹੈ। ਖ਼ੁਦਾ ਦੇ ਬੇਇੰਤਹਾ ਕਿਰਪਾ ਦੇ ਕਾਰਣ ਧੰਨਵਾਦ, ਉਸਤਤ, ਵਿਸ਼ਵਾਸ ਅਤੇ ਆਗਿਆਕਾਰਤਾ ਹੋਣੀ ਚਾਹੀਦੀ ਹੈ।

## ਸਾਰ

ਸੱਚਮੁਚ, ਪੌਲੁਸ ਦੇ ਲੇਖਾਂ ਦੇ ਰਾਹੀਂ ਪਵਿੱਤਰ ਆਤਮਾ ਨੇ ਸਾਨੂੰ ਸਿਖਾਇਆ ਹੈ ਕਿ ਕਲੀਸੀਆ ਖ਼ੁਦਾ ਦੀ ਚੁਣੀ ਹੋਈ ਹੈ। ਉਸਨੇ ਸਾਨੂੰ ਦੱਸਿਆ ਹੈ ਕਿ ਖ਼ੁਦਾ ਨੇ ਸਾਨੂੰ ਆਪਣੇ ਅਨਾਦੀਕਾਲ ਤੋਂ ਪਵਿੱਤਰ ਬਣਨ ਦੇ ਲਈ ਆਪਣੀ ਕਿਰਪਾ ਦੇ ਰਾਹੀਂ ਚੁਣਿਆ। ਅਸੀਂ ਉਹਦੀਆਂ ਅੱਖਾਂ ਦੇ ਤਾਰੇ ਹਾਂ! ਸੰਸਾਰ ਦੀ ਰਚਨਾ ਦੀ ਯੋਜਨਾ ਬਣਾਉਣ ਵੇਲੇ ਉਸਨੇ ਪਹਿਲਾਂ ਸਾਡੇ ਬਾਰੇ ਸੋਚਿਆ ਸੀ। ਅੱਜ ਵੀ ਉਹ ਸਾਨੂੰ ਪਹਿਲ ਦਿੰਦਾ ਹੈ।

ਕੋਈ ਵੀ ਜੋ ਮਸੀਹ ਤੋਂ ਬਾਹਰ ਭਾਵ ਚੁਣੇ ਹੋਏ ਲੋਕਾਂ ਦੇ ਦਾਇਰੇ ਚੋਂ ਬਾਹਰ ਹੈ, ਉਸਨੂੰ ਬਗ਼ੈਰ ਦੇਰ ਕੀਤਿਆਂ ਉਹਦੇ ਸਰੀਰ ਵਿਚ ਆਉਣਾ ਚੁਣ ਲੈਣਾ ਚਾਹੀਦਾ ਹੈ। ਜਦ ਮੈਂ ਹਾਈ ਸਕੂਲ ਵਿਚ ਪੜ੍ਹਦਾ ਸਾਂ ਤਾਂ ਹਾਈ ਸਕੂਲ ਦੀ ਸਲਾਨਾ ਕਿਤਾਬ ਵਿਚ ''ਪਛਾਣੋ ਕੌਣ ਕੀ ਹੈ?'' ਕੁਝ ਚੁਣੇ ਹੋਏ ਵਿਦਿਆਰਥੀਆਂ ਦੇ ਨਾਂਅ ਛਪਦੇ ਸਨ। ਸਿਰਫ਼ ਉਨ੍ਹਾਂ ਵਿਦਿਆਰਥੀਆਂ ਨੂੰ ਚੁਣਿਆ ਜਾਂਦਾ ਸੀ ਅਤੇ ਇਹ ਚੋਣ ਉਨ੍ਹਾਂ ਵਿਦਿਆਰਥੀਆਂ ਦੀ ਮਸ਼ਹੂਰੀ, ਖਾਸ ਯੋਗਤਾਵਾਂ ਅਤੇ ਰਿਕਾਰਡ ਨੂੰ ਵੇਖ ਕੇ ਕੀਤਾ ਜਾਂਦਾ ਸੀ। ਖ਼ੁਦਾ ਦੇ ''ਪਛਾਣੋ ਕੌਣ ਕੀ ਹੈ'' ਦੀ ਕਿਤਾਬ ਕਲੀਸੀਆ ਹੈ। ਉਸ ਦੇ ''ਪਛਾਣੋ ਕੌਣ ਕੀ ਹੈ'' ਵਿਚ ਹੋਣਾ ਅਸੀਂ ਆਪਣੀ ਪਸੰਦ ਨਾਲ ਚੁਣਦੇ ਹਾਂ ਨਾ ਕਿ ਖ਼ੁਦਾ ਸਾਡੀ ਪਸੰਦ ਬਣਾਉਂਦਾ ਹੈ। ਉਹ ਸਾਨੂੰ ਸਾਡੀ ਮਸ਼ਹੂਰੀ, ਯੋਗਤਾਵਾਂ ਤੇ ਰਿਕਾਰਡ ਨੂੰ ਵੇਖ ਕੇ ਨਹੀਂ ਸਗੋਂ ਸਾਡੇ ਵਿਸ਼ਵਾਸ ਅਤੇ ਮਸੀਹ ਦੀਆਂ ਆਗਿਆਵਾਂ ਮੰਨਣ ਤੇ ਚੁਣਿਆਂ ਹੋਇਆਂ ਦੇ ਇਸ ਸਮੂਹ ਵਿਚ ਰੱਖਦਾ ਹੈ। ਆਪਣੇ ਉਸ ਪਿਆਰੇ, ਅਰਥਾਤ ਯਿਸੂ ਮਸੀਹ ਵਿਚ ਆਪਣੀ ਕਿਰਪਾ ਨਾਲ ਖ਼ੁਦਾ ਉਨ੍ਹਾਂ ਸਾਰਿਆਂ ਨੂੰ ਜੋ ਚੁਣੇ ਹੋਏ ਨਹੀਂ ਹਨ, ਮਸੀਹ ਦੇ ਸਰੀਰ ਵਿਚ ਸ਼ਾਮਿਲ ਹੋਣ ਅਤੇ ਚੁਣੇ ਹੋਏ ਲੋਕ ਬਣਨ, ਅਰਥਾਤ ਛੁਟਕਾਰਾ, ਭਰਪੂਰੀ ਦਾ ਜੀਵਨ ਅਤੇ ਸੁਰਗ ਵਿਚ ਹਮੇਸ਼ਾ ਦੀ ਜ਼ਿੰਦਗੀ ਦੇਣ ਦਾ ਸੱਦਾ ਦਿੰਦਾ ਹੈ।

ਚੁਣੇ ਹੋਏ ਲੋਕਾਂ ਵਿਚ ਸ਼ਾਮਿਲ ਹੋਣ ਲਈ ਚੁਣੇ ਜਾਓ। ਚੁਣੇ ਹੋਏ ਲੋਕਾਂ ਨਾਲ ਇਕ ਹੋਣਾ ਚੁਣ ਲਓ। ਖ਼ੁਦਾ ਵੱਲੋਂ ਪਹਿਲਾਂ ਤੋਂ ਠਹਿਰਾਈ ਹੋਈ ਔਲਾਦ ਬਣਨ ਦਾ ਫ਼ੈਸਲਾ ਕਰ ਲਓ।

# ਅਧਿਐਨ ਅਤੇ ਚਰਚਾ ਲਈ ਸਵਾਲ

1. ਭਲਾ ਤੁਸੀਂ ਮਸੀਹ ਦੀ ਦੇਹ ਦੇ ਸਭ ਅੰਗਾਂ ਨੂੰ ਖ਼ੁਦਾ ਦੇ ਚੁਣੇ ਹੋਏ ਆਖਦੇ ਹੋ?
2. ਅਫ਼ਸੀਆਂ 1:4-6 ਵਿਚ ਪੌਲੁਸ ਦੇ ਅਨੁਸਾਰ ਮਸੀਹ ਵਿਚ ਮਿਲਣ ਵਾਲੀਆਂ ਰੂਹਾਨੀ ਬਰਕਤਾਂ ਕੀ ਹਨ?
3. ਇਕ ਇਕੱਠ ਦੇ ਪਹਿਲਾਂ ਤੋਂ ਠਹਿਰਾਏ ਹੋਣ ਅਤੇ ਇਕ ਇਨਸਾਨ ਦੇ ਪਹਿਲਾਂ ਤੋਂ ਠਹਿਰਾਏ ਹੋਣ ਵਿਚ ਕੀ ਫ਼ਰਕ ਹੈ?
4. ''Predestination'' ਸ਼ਬਦ ਅਰਥਾਤ ''ਪਹਿਲਾਂ ਤੋਂ ਠਹਿਰਾਏ ਹੋਣ'' ਤੋਂ ਕੀ ਭਾਵ ਹੈ?
5. ''Foreknowledge'' ਅਰਥਾਤ ''ਅਗਾਊ ਜਾਂ ਪੂਰਵ ਗਿਆਨ'' ਅਤੇ ''predestination'' ਅਰਥਾਤ ''ਪਹਿਲਾਂ ਤੋਂ ਠਹਿਰਾਇਆ ਹੋਇਆ'' ਸ਼ਬਦਾਂ ਵਿਚ ਕੀ ਫ਼ਰਕ ਹੈ?
6. ਸਾਨੂੰ ਕਿਵੇਂ ਪਤਾ ਲਗ ਸਕਦਾ ਹੈ ਕਿ ਅਸੀਂ ਖ਼ੁਦਾ ਦੇ ਚੁਣੇ ਹੋਏ ਲੋਕ ਹਾਂ?
7. ਖ਼ੁਦਾ ਨੇ ਸਾਨੂੰ ਮਸੀਹ ਵਿਚ ਕਦੋਂ ਚੁਣਿਆ?
8. ਖ਼ੁਦਾ ਨੇ ਸਾਨੂੰ ਕੀ ਕਰਨ ਜਾਂ ਕੀ ਬਣਨ ਲਈ ਚੁਣਿਆ ਹੈ?
9. ''ਪਵਿੱਤਰ ਬਣਨ'' ਤੋਂ ਕੀ ਭਾਵ ਹੈ।
10. ''ਕਿਰਪਾ ਨਾਲ ਚੁਣੇ ਹੋਏ'' ਵਾਕ ਅੰਸ਼ ਤੋਂ ਕੀ ਭਾਵ ਹੈ?
11. ''ਖ਼ੁਦਾ ਦੇ ਚੁਣੇ ਹੋਏ'' ਵਾਕ-ਅੰਸ਼ ਤੁਹਾਨੂੰ ਕਿਵੇਂ ਦਲੇਰ ਕਰਦਾ ਹੈ?
12. ਅਸੀਂ ਖ਼ੁਦਾ ਦੇ ਚੁਣੇ ਹੋਏ ਲੋਕ ਕਿਵੇਂ ਬਣਦੇ ਹਾਂ?